ਨਿੱਕੀਆਂ ਸ਼ਬਦ ਕਹਾਣੀਆਂ

Little Shabad Stories

maastarji.com

ਜਿਸ ਕੋਲੋਂ ਅਸੀਂ ਹਮੇਸ਼ਾ ਮੰਗ ਸਕਦੇ ਹਾਂ

The One We Can Always Ask

ਜਿਸ ਕੋਲੋਂ ਅਸੀਂ ਹਮੇਸ਼ਾ ਮੰਗ ਸਕਦੇ ਹਾਂ

The One We Can Always Ask

Little Shabad Stories

maastarji.com · Free for every family

ਵੀਰ ਅਜੇ ਨਿੱਕਾ ਜਿਹਾ ਸੀ।

Veer was still very little.

ਤੇ ਵੀਰ ਨੂੰ ਨਿੱਕੀਆਂ-ਨਿੱਕੀਆਂ ਚੀਜ਼ਾਂ ਮੰਗਣਾ ਬਹੁਤ ਪਸੰਦ ਸੀ।

And Veer loved to ask for things.

"ਮਾਤਾ ਜੀ, ਮੈਨੂੰ ਇੱਕ ਬਿਸਕੁਟ ਦਿਓ!"

"Mummy, give me a biscuit!"

"ਪਿਤਾ ਜੀ, ਮੈਨੂੰ ਮੋਢਿਆਂ ਉੱਤੇ ਚੁੱਕ ਲਓ!"

"Daddy, lift me up on your shoulders!"

"ਇੱਕ ਹੋਰ ਕਹਾਣੀ ਸੁਣਾਓ!"

"Tell me one more story!"

ਤੇ ਬਹੁਤੀ ਵਾਰ, ਜੋ ਉਹ ਮੰਗਦਾ, ਉਹਨੂੰ ਮਿਲ ਜਾਂਦਾ।

And most of the time, what he asked for, he got.

ਇੱਕ ਸਵੇਰ ਵੀਰ ਪਾਰਕ ਜਾਣਾ ਚਾਹੁੰਦਾ ਸੀ।

One morning, Veer wanted to go to the park.

"ਮਾਤਾ ਜੀ, ਪਾਰਕ ਚੱਲੀਏ! ਮੈਂ ਝੂਲੇ ਝੂਲਣੇ ਨੇ।"

"Mummy, let's go to the park! I want to go on the swings."

ਪਰ ਬਾਹਰ ਮੀਂਹ ਪੈ ਰਿਹਾ ਸੀ।

But outside, the rain was falling.

"ਅੱਜ ਨਹੀਂ, ਪੁੱਤ," ਮਾਤਾ ਜੀ ਬੋਲੇ। "ਵੇਖ, ਕਿੰਨਾ ਮੀਂਹ ਪੈ ਰਿਹਾ ਹੈ।"

"Not today, my dear," said Mummy. "Look how much it's raining."

ਵੀਰ ਨੇ ਵਾਰ-ਵਾਰ ਕਿਹਾ, ਪਰ ਮੀਂਹ ਨਾ ਹਟਿਆ।

Veer asked and asked, but the rain did not stop.

ਉਹਦਾ ਮਨ ਉਦਾਸ ਹੋ ਗਿਆ।

His heart felt sad.

ਮਾਤਾ ਜੀ ਨੇ ਵੀਰ ਨੂੰ ਗੋਦੀ ਵਿੱਚ ਬਿਠਾ ਲਿਆ।

Mummy sat Veer in her lap.

"ਵੀਰ," ਉਹ ਬੋਲੇ, "ਇੱਕ ਅਜਿਹਾ ਵੀ ਹੈ, ਜਿਸ ਕੋਲੋਂ ਅਸੀਂ ਹਮੇਸ਼ਾ ਮੰਗ ਸਕਦੇ ਹਾਂ।"

"Veer," she said, "there is One we can always ask."

"ਉਹ ਵਾਹਿਗੁਰੂ ਹੈ। ਜੋ ਅਸੀਂ ਉਹਦੇ ਕੋਲੋਂ ਮੰਗਦੇ ਹਾਂ, ਉਹ ਸਾਨੂੰ ਦੇ ਦਿੰਦਾ ਹੈ।"

"That One is Waheguru. Whatever we ask from Him, He gives us."

"ਤੇ ਸਭ ਤੋਂ ਚੰਗੀ ਚੀਜ਼ ਜੋ ਅਸੀਂ ਮੰਗ ਸਕਦੇ ਹਾਂ, ਉਹ ਹੈ ਇੱਕ ਸ਼ਾਂਤ ਮਨ।"

"And the best thing we can ask for is a calm heart."

ਮਾਤਾ ਜੀ ਨੇ ਹੌਲੀ ਹੌਲੀ ਗੁਰੂ ਜੀ ਦੇ ਬੋਲ ਗਾਏ:

Softly, Mummy sang the words of Guru Ji:

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

Whatever we ask from Waheguru, that is what He gives us.

GURU ARJAN DEV JI · SRI GURU GRANTH SAHIB JI · ANG 681 · RAAG DHANAASREE

ਵੀਰ ਨੇ ਅੱਖਾਂ ਮੀਟੀਆਂ।

Veer closed his eyes.

ਉਹਨੇ ਮਨ ਵਿੱਚ ਆਖਿਆ, "ਵਾਹਿਗੁਰੂ, ਮੇਰੇ ਮਨ ਨੂੰ ਸ਼ਾਂਤ ਕਰ ਦਿਓ।"

He said in his heart, "Waheguru, please make my heart calm."

ਹੌਲੀ ਹੌਲੀ ਉਹਦੇ ਅੰਦਰ ਇੱਕ ਨਿੱਘ ਭਰ ਗਿਆ।

Slowly, a warmth filled up inside him.

ਮੀਂਹ ਤਾਂ ਅਜੇ ਵੀ ਪੈ ਰਿਹਾ ਸੀ, ਪਰ ਵੀਰ ਦਾ ਮਨ ਹੁਣ ਉਦਾਸ ਨਹੀਂ ਸੀ।

The rain was still falling, but Veer's heart was not sad anymore.

ਉਹ ਖਿੜਕੀ ਕੋਲ ਬੈਠ ਕੇ ਮੀਂਹ ਦੀਆਂ ਬੂੰਦਾਂ ਵੇਖਣ ਲੱਗਾ ਤੇ ਹੱਸ ਪਿਆ।

He sat by the window watching the raindrops, and he smiled.

ਜੋ ਉਹਨੇ ਵਾਹਿਗੁਰੂ ਤੋਂ ਮੰਗਿਆ ਸੀ, ਉਹ ਉਹਨੂੰ ਮਿਲ ਗਿਆ — ਇੱਕ ਖੁਸ਼, ਸ਼ਾਂਤ ਮਨ।

What he had asked from Waheguru, he received — a happy, calm heart.

For Grown-Ups

WHAT THIS STORY IS ABOUT

This story sits with a line that is easy to misread — ‘whatever I ask from my Lord, He gives me.’ It is not a promise that we always get the exact thing we point at (Veer does not get his sunny park). It is the deeper Sikh trust that when we turn to Waheguru, our heart receives what it truly needs — comfort, calm, and the warmth of not being alone. Written for the very young, it gently separates ‘the thing I wanted’ from ‘the settled, happy heart Waheguru gives.’ A lovely one to share if you and your child are learning this shabad in kirtan.

WORDS YOU'LL MEET

ਮੰਗਣਾ — mangna: To ask for something, to request — the word at the heart of this shabad

ਉਦਾਸ — udaas: Sad, low-hearted

ਸ਼ਾਂਤ — shaant: Calm, peaceful, settled — the best thing we can ask Waheguru for

ਨਿੱਘ — nigh: Warmth, a cosy warm feeling

Gurbani — : The Guru's Word — the sacred teachings in Sri Guru Granth Sahib Ji

Shabad — : A hymn of Gurbani, sung as kirtan

Waheguru — : The Wonderful Creator

QUESTIONS FOR BEDTIME

Let's Talk About It

Veer loves to ask for things — a biscuit, a shoulder-ride, one more story. What do you like to ask for?

Let's Think About It

The rain would not stop, so Veer didn't get the park. But Waheguru gave him something else. What did Waheguru give him?

Let's Try It

Next time you feel a little sad, close your eyes and ask softly, "Waheguru, please make my heart calm." You can do it together — grown-ups too!

Let's Look

Can you find Veer's toy kookaburra on every page? And can you spot what Veer was ready to wear to the park?

Now sing the whole shabad

The story sings just one line of it. Here is the complete shabad, with its meaning — lovely to read and sing together now that you've shared the story.

ਧਨਾਸਰੀ ਮਹਲਾ ੫ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

Waheguru spread His power on all four sides, and rested His hand upon my head.

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥

With one kind glance He looked on me and took away His servant's pain. ॥1॥

ਹਰਿ ਜਨ ਰਾਖੇ ਗੁਰ ਗੋਵਿੰਦ ॥

The Guru, Waheguru, keeps His loving ones safe.

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥

Hugging me close, the kind and forgiving Waheguru wiped away all my faults. ॥ Pause ॥

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

Whatever we ask from Waheguru, that is what He gives us.

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

Whatever Waheguru's servant Nanak says with his mouth comes true, here and beyond. ॥2॥14॥45॥

ਮਾਸਟਰ ਜੀ

You don't have to be fluent to raise proud Sikh kids. Free stories, Sikh values and the meaning of Gurbani — in English first, with a gentle path to Gurmukhi when your child's ready. Made by Sikh parents figuring it out too.

Free for every family.
maastarji.com · maastarji.substack.com

Written by the Maastarji team · Gursharn Singh
© 2026 maastarji.com